## Rifinah

150mg 300mg

ਰਿਫਨਾਹ ਦੋ ਦਵਾਈਆਂ ਦਾ ਇੱਕ ਹੀ ਗੋਲੀ ਵਿੱਚ ਮੇਲ ਹੈ (ਰਿਫਾਮਪਾਈਸਿਨ ਅਤੇ ਆਈਸੋਨਾਈਆਜਿਡ)।

### ਰਿਫਨਾਹ (Rifinah) ਲੈਣ ਤੋਂ ਪਹਿਲਾਂ

ਆਪਣੇ ਡਾਕਟਰ ਨੂੰ ਇਸ ਬਾਰੇ ਦੱਸੋ :

- ਹੋਰ ਸਾਰੀਆਂ ਦਵਾਇਆਂ ਜਿਹੜੀਆਂ ਤੁਸੀ ਲੈ ਰਹੇ ਹੋ, ਉਹਨਾਂ ਨੂੰ ਵੀ ਸ਼ਾਮਿਲ ਕਰਕੇ ਜਿਹੜੀਆਂ ਤੁਸੀਂ ਕਮਿਊਨਟੀ ਫਾਰਮੇਸ਼ੀ ਦੇ ਕਾਊਂਟਰ ਤੋਂ ਖਰੀਦਦੇ ਹੋ
- ਕੋਇ ਦੂਸਰੀਆਂ ਦਵਾਈਆਂ ਨਾਲ ਪਹਿਲਾਂ ਹੋਈ ਐਲਰਜੀ ਬਾਰੇ
- ਜੇਕਰ ਤੁਹਾਨੂੰ ਪਹਿਲਾਂ ਕੋਈ ਜਿਗਰ ਦੀ ਬਿਮਾਰੀ ਹੋਈ ਹੋਵੇ ਤਾਂ

### ਤੁਹਾਡੇ ਰਿਫਨਾਹ ਲੈਣ ਬਾਰ

ਉਹੀ ਕਾਰਜ ਵਿਧੀ ਜਿਸਤਰਾਂ ਰਿਫਾਟਰ

### ਸਾਈਡ ਇਫੈਕਟਸ

ਉਹੀ ਜੋ ਰਿਫਾਟਰ ਦੇ ਹਨ



ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਟੀ.ਬੀ. ਤੋ ਬਚਾਉ - ਤੇ ਆਪਣੀਆਂ ਟੀ.ਬੀ ਦੀਆਂ ਦਵਾਈਆ ਲਵੋ

**ਯਾਦ ਰੱਖੋ** ਟੀ.ਬੀ ਨਰਸ ਤੁਹਾਡੀ ਮਦਦ ਲਈ ਇਲਾਜ ਦੇ ਸਾਰੇ ਹੀ ਸਮੇਂ ਤੁਹਾਡੀ ਸਲਾਹ ਵਾਸਤੇ ਇੱਖੇ ਹਾਜਰ ਹੈ। ਕ੍ਰਿਪਾ ਕਰਕੇ ਆਪਣੀ ਟੀ.ਬੀ. ਨਰਸ ਨਾਲ ਸੰਪਰਕ ਕਰੋ ਜੇਕਰ ਤੁਸੀਂ ਆਪਣੇ ਇਲਾਜ ਨਾਲ ਠੀਕ ਮਹਿਸੂਸ ਨਹੀਂ ਕਰਦੇ ਜਾਂ ਇੱਖੇ ਕੋਈ ਵੀ ਗੱਲ ਹੈ ਜਿਸ ਕਾਰਨ ਤੁਸੀਂ ਆਪਣੀ ਦਵੁਈ ਬਾਰੇ ਬੇਯਕੀਨੀ ਰੱਖਦੇ ਹੋ।

ਤੁਹਾਡੀ ਟੀ.ਬੀ ਨਰਸ ਹੈ:

________________

ਤੁਹਾਡਾ ਹਸਪਤਾਲ ਦਾ ਡਾਕਟਰ ਹ:

________________

ਸੰਪਰਕ ਨੰਬਰ:

________________

ਈ-ਮੇਲ:

________________

**TB Alert** ਇਕ ਅਨੋਖੀ ਚੈਰਿਟੀ ਹੈ ਜੋ ਯੂ.ਕੇ ਇੱਚ ਟਿਊਬੋਕਲੋਸਿਸ ਬਾਰੇ ਜਾਗਰੂਕਤਾ ਨੂੰ ਵਧਾਵਾ ਦੇ ਰਹੀ ਹੈ ਅਤੇ ਮਰੀਜ਼ਾਂ ਨੂੰ ਸੂਚਨਾਂ ਪ੍ਰਦਾਨ ਕਰਕੇ ਐਨ.ਐਚ.ਐਸ ਦੇ ਕੰਮ ਦੀ ਸਹਾਇਤਾ ਕਰ ਰਹੀ ਹੈ। ਅਸੀਂ ਵਿਕਾਸਸ਼ੀਲ ਦੇਸ਼ਂ ਵਿੱਚ ਚੱਲ ਰਹੀਆਂ ਯੋਜਨਾਵਾਂ ਨੂੰ ਸਹਾਇਤਾ ਦਿੰਦੇ ਹਾਂ ਇਹ ਯਕੀਨੀ ਬਣਾਉਣ ਲਈ ਕਿ ਸਾਰੇ ਮਰੀਜ਼ ਸਹੀ ਇਲਾਜ ਕਰਵਾ ਸਕਣ। ਤੁਹਾਡੀ ਸਹਾਇਤਾ ਨਾਲ ਅਸੀਂ ਸੰਸਾਰ ਭਰ ਵਿੱਚ ਟਿਊਬੋਕਲੋਸਿਸ ਤੇ ਚੰਗਾ ਪ੍ਰਭਾਵ ਪਾ ਸਕਦੇ ਹਾਂ ਅਤੇ ਹੋਰ ਜਿੰਦਗੀਆਂ ਬਚਾ ਸਕਦੇ ਹਾਂ।

**TB Alert,**
Community Base,
113 Queens Road,
Brighton BN1 3XG
ਟੈਲੀਫੋਨ: 01273 234030

ਹੋਰ ਜਾਣਕਾਰੀ ਜਾਂ ਇਸ ਕਿਤਾਬਚੇ ਦੀਆਂ ਕਾਪੀਆਂ ਲਈ ਸੰਪਰਕ ਕਰੋ 01273 234 770 (ਕੇਵਲ ਦਫਤਰੀ ਸਮੇਂ ਵਿੱਚ)।

ਦਾਨ ਦੇਣ ਲਈ ਜਾਂ ਸਵੈਮਸੇਵੀ ਤੇ ਟੀ.ਬੀ ਅਲਰਟ ਦੀ ਮਦਦ ਲਈ ਕਿਰਪਾ ਕਰਕੇ ਸੰਪਰਕ ਕਰੋ 01273 234 784 (ਕੇਵਲ ਦਫਤਰੀ ਸਮੇਂ ਵਿੱਚ)।

ਜਾਂ ਸਾਡੀ ਵੈਬਸਾਈਟ www.tbalert.org ਤੇ ਜਾਓ

ਇਸ ਕਿਤਾਬਚੇ ਤੇ ਦਿੱਤੀ ਗਈ ਕੋਈ ਵੀ ਜਾਣਕਾਰੀ ਟਿਊਬੋਕਲੋਸਿਸ ਦੀ ਜਾਂਚ ਜਾਂ ਇਲਾਜ ਦੇ ਸਬੰਧ ਵਿੱਚ, ਇਸ ਵਿਸ਼ੇ ਬਾਰੇ ਆਮ ਜਾਣਕਾਰੀ ਦੇਣ ਦੇ ਇਰਾਦੇ ਵਜੋਂ ਹੈ। ਇਹ ਜਾਣਕਾਰੀ, ਤਜਰਬੇ, ਮੁਹਾਰਤ ਅਤੇ ਡਾਕਟਰ ਦੇ ਫੈਸਲੇ, ਫਾਰਮਾਸਿਸਟ, ਮਰੀਜ਼ ਦੇਖ ਭਾਲ, ਸਿਹਤ ਸੇਵਾਵਾਂ ਦੇ ਬਦਲ ਦੇ ਇਰਾਦੇ ਵਜੋਂ ਨਹੀਂ ਹੈ। ਇਸ ਕਿਤਾਬਚੇ ਵਿਚ ਕੋਈ ਵੀ ਜਾਣਕਾਰੀ ਦਾ ਮਕਸਦ ਜਾਂਚ ਜਾਂ ਇਲਾਜ ਦੇ ਫੈਸਲੇ ਲਈ ਨਹੀਂ ਹੈ। ਜਾਂਚ ਦੇ ਸਬੰਧ ਵਿੱਚ ਮੁੱਦੇ, ਸਵਾਲ ਅਤੇ ਇਲਾਜ ਕਿਸੇ ਸਿਹਤ ਸੰਭਾਲ ਮਾਹਿਰ ਨੂੰ ਦਿਖਾਉਣਾਚਾਹੀਦਾ ਹੈ।

ਨਾਰਥ ਵੈਸਟ ਲੰਦਨ ਟੀ.ਬੀ. ਨੇਟਵਰਕ ਦਵਾਰਾ ਅਸਲੀ ਵਿਕਾਸ ਦਾ ਕੰਮ


ਗਾਰੰਟੀ ਤੋਂ ਲਿਮਿਟਿਡ ਇਕ ਕੰਪਨੀ, ਇੰਗਲੈਂਡ ਵਿਚ ਦਰਜ ਨੰਬਰ 3606528 ਦਰਜ ਚੈਰਿਟੀ ਨੰਬਰ 1071886 ਡਿਜਾਇਨ : worksong, london 020 8352 8300

for a future without tuberculosis

# ਰਿਫਾਟਰ, ਇਥਾਮਬਿਊਟੋਲ, ਪਾਈਰਾਜਾਇਨਾਮਾਈਡ ਅਤੇ ਰਿਫਨਾਹ (Rifater, Ethambutol, Pyrazinamide and Rifinah)



## Rifater



ਰਿਫਾਟਰ ਤਿੰਨ ਗੋਲੀਆਂ ਰਿਫਾਮਪਾਈਸਿਨ, ਆਈਸੋਨਾਇਆਜ਼ਿਡ ਅਤੇ ਪਾਈਰਾਜਾਇਨਾਮਾਈਡ ਤੋਂ ਮਿਲ ਕੇ ਇੱਕ ਗੋਲੀ ਬਣੀ ਹੈ।

### ਰਿਫਾਟਰ (Rifater) ਲੈਣ ਤੋਂ ਪਹਿਲਾਂ

ਆਪਣੇ ਡਾਕਟਰ ਨੂੰ ਇਸ ਬਾਰੇ ਦੱਸੋ:

- ਹੋਰ ਸਾਰੀਆਂ ਦਵਾਈਆਂ ਜਿਹੜੀਆਂ ਤੁਸੀਂ ਲੈ ਰਹੇ ਹੋ, ਉਹਨਾਂ ਨੂੰ ਵੀ ਸਾਮਿਲ ਕਰਕੇ ਜਿਹੜੀਆਂ ਤੁਸੀਂ ਕਮਿਊਨਟੀ ਫਾਰਮੇਸ਼ੀ ਦੇ ਕਾਊਂਟਰ ਤੋਂ ਖਰੀਦਦੇ ਹੋ
- ਕੋਈ ਦੂਸਰੀਆਂ ਦਵਾਈਆਂ ਨਾਲ ਪਹਿਲਾਂ ਹੋਈ ਐਲਰਜੀ ਬਾਰੇ
- ਜੇਕਰ ਤੁਹਾਨੂੰ ਪਹਿਲਾਂ ਕੋਈ ਜਿਗਰ ਦੀ ਬਿਮਾਰੀ ਹੋਈ ਹੋਵੇ ਤਾਂ

### ਤਹਾਡੇ ਰਿਫਾਟਰ ਲੈਣ ਦੇ ਸਮੇਂ ਬਾਰ

ਰਿਫਾਟਰ ਵਧੀਆ ਘੁਲਦੀ ਹੈ ਪੇਟ ਖਾਲੀ ਹੋਵੇ
ਖਾਣੇ ਤੋਂ ਅੱਧਾ ਘੰਟਾ ਪਹਿਲਾਂ ਲਈ
ਜਾਵੇ ਤੁਹਾਡੇ ਡਾਕਟਰ ਜਾਂ ਨਰਸ ਇਸ ਬਾਰੇ ਤੁਹਾਡੇ ਨਾਲ
ਇਸ ਨੂੰ ਲੇਣ ਦੇ ਸ਼ਬ ਤੋਂ ਢੁਕਵੇਂ ਸਮੇਂ ਬਾਰੇ ਗੱਲਬਾਤ ਕਰਨਗੇ।

### ਸਾਈਡ ਇਫੈਕਟਸ

ਰਿਫਾਟਰ ਦੇ ਹੋਰ ਦੂਸਰੀਆਂ ਦਵਾਈਆਂ ਦੀ ਤਰਾਂ ਕੁਝ ਸਾਈਡ ਇਫੈਕਟਸ ਹੋ ਸਕਦੇ ਹਨ:

- ਪੇਟ ਦੀ ਗੜਬੜ ਜਿਵੇਂ ਮਤਲੀ (ਬਿਮਾਰ ਮਹਿਸੂਸ ਕਰਨਾ) ਉਲਟੀ ਅਤੇ ਦਸਤ
- ਫਲੂ ਵਰਗੇ ਲੱਛਣ ਜਿਵੇਂ ਕਾਂਬਾ ਬੁਖਾਰ, ਚੱਕਰ ਆਉਣੇ ਅਤੇ ਹੱਡੀਆਂ ਦੀ ਪੀੜ
- ਪੀਲੀਆ (ਚਮੜੀ ਅਤੇ ਅੱਖਾਂ ਦਾ ਪੀਲਾ ਹੋਣਾ) ਜੇਕਰ ਤੁਸੀਂ ਇਹਨਾਂ ਬਾਰੇ ਨੋਟ ਕਰਦੇ ਹੋ ਤਾਂ ਕ੍ਰਿਪਾ ਕਰਕੇ ਆਪਣੀਆਂ ਸਾਰੀਆਂ ਦਵਾਈਆਂ ਲੈਣਾ ਬੰਦ ਕਰ ਦਿਉ ਅਤੇ ਤੁਰੰਤ ਡਾਕਟਰੀ ਸਹਾਇਤਾ ਲਵੋ
- ਚਮੜੀ ਦੀ ਛਪਾਕੀ ਅਤੇ ਖਾਰਿਸ਼
- ਮਾਸਿਕ ਧਰਮ ਗੜਬੜੀ
- ਪੈਰੀਫਿਰਲ ਤੰਤੂ ਵਿਗਾੜ (ਉਂਗਲਾ ਅਤੇ ਅੰਗੂਠਿਆਂ ਵਿੱਚ ਚੋਭਾਂ)

- (ਪੇਸਾਬ,ਥੁੱਕ,ਸੀਮਨ,ਵੇਜਾਈਨਲ,ਤਰਲ) ਸੰਤਰੀ ਲਾਲ ਰੰਗ ਦੇ ਹੋ ਜਾਂਦੇ ਹਨ।ਇਹ ਆਮ ਹੈ ਅਤੇ ਚਿੰਤਾ ਕਰਨ ਵਾਲੀ ਕੋਈ ਗੱਲ ਨਹੀਂ ਹੈ ਜੇਕਰ ਤੁਹਾਡਾ ਪੇਸ਼ਾਬ ਰਿਫਾਟਰ ਲੈਣ ਤੋਂ ਪਹਿਲਾਂ ਗਹਿਗ ਹੈ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਇਸ ਬਾਰੇ ਦੱਸੋ। ਕੰਟੈਕਟ ਲੈਨਜ ਵੀ ਬਦਰੰਗ ਹੋ ਸਕਦੇ ਹਨ।
- ਹਾਰਮੋਨਲ ਗਰਭਨਿਰੋਧਕ (ਮੂੰਹ ਨਾਲ ਲੈਣ ਵਾਲੀਆਂ,ਇਮਪਲਾਂਟ ਕੀਤੀਆਂ ਅਤੇ ਹੋਰ) ਦੀ ਸਮਰੱਥਾ ਘਟ ਜਾਂਦੀ ਹੈ। ਤਹਾਨੂੰ ਇਸ ਦੇ ਬਦਲ ਜਾਂ ਗਰਭਨਿਰੋਧਕ ਦੇ ਹੋਰ ਤਰੀਕੇ ਅਪਨਪਉਣੇ ਪੈਣਗੇ ਆਪਣੇ ਡਾਕਟਰ ਨੂੰ ਸਲਾਹ ਲਈ ਪੁੱਛੋ।

## Ethambutol




### ਈਥਾਮਬਿਉਟੋਲ (Ethambutol) ਲੈਣ ਤੋਂ ਪਹਿਲਾਂ

ਆਪਣੇ ਡਾਕਟਰ ਨੂੰ ਈਸ ਬਾਰੇ ਦੱਸੋ :

- ਹੋਰ ਸਾਰੀਆਂ ਦਵਾਈਆਂ ਤੁਸੀਂ ਲੈ ਰਹੇ ਹੋ, ਉਹਨਾਂ ਨੂੰ ਵੀ ਸ਼ਾਮਿਲ ਕਰਕੇ ਜਿਹੜੀਆਂ ਤੁਸੀ ਕਮਿਊਨਟੀ ਫਾਰਮੇਸ਼ੀ ਦੇ ਕਾਊਂਟਰ ਤੋਂ ਖਰੀਦਦੇ ਹੋ
- ਕੋਈ ਦੂਸਰੀਆਂ ਦਵਾਈਆਂ ਨਾਲ ਪਹਿਲਾਂ ਹੋਈ ਐਲਰਜੀ ਬਾਰੇ


### ਤੁਹਾਡੇ ਈਥਾਮਬਿਉਟੋਲ ਲੈਣ ਦਾ ਸਮਾਂ

ਈਥਾਮਬਿਉਟੋਲ ਭੋਜਨ ਤੋਂ ਪਹਿਲਾਂ ਜਾਂ ਬਾਅਦ ਵਿੱਚ ਲਈ ਜਾ ਸਕਦੀ ਹੈ। ਤੁਹਾਡੇ ਡਾਕਟਰ ਜਾਂ ਨਰਸ ਇਸ ਨੂੰ ਲੈਣ ਦੇ ਸਭ ਤੋਂ ਵੱਧੀਆ ਢੁਕਵੇਂ ਸਮੇਂ ਬਾਰੇ ਗੱਲਬਾਤ ਕਰੇਗਾ

### ਸਾਈਡ ਇਫੈਕਟਸ

ਬਹੁਤ ਹੀ ਘੱਟ ਹੁਦਾ ਹੈ ਕਿ ਈਥਾਮਬਿਉਟੋਲ ਨਾਲ ਵੇਖਣ ਵਿੱਚ ਵਿਗਾੜ ਆਸਕਦੇ ਹਨ। (ਧੁੰਦਲਾਪਨ ਜਾਂ ਲਾਲ/ਹਰੇ ਰੰਗ ਦਾ ਵਿਗਾੜ) ਤੁਹਾਡਾ ਡਾਕਟਰ ਜਾਂ ਨਰਸ ਈਥ ਾਮਬਿਉਟੋਲ ਸੁਰੂ ਕਰਨ ਤੋਂ ਪਹਿਲ੍ਹਾਂ ਇੱਕ ਅਸਾਨ ਜਿਹਾ ਅੱਖਾਂ ਦਾ ਟੈਸਟ ਕਰਵਾਉਣ ਦਾ ਪ੍ਰਬੰਧ ਕਰਨਗੇ।ਜੇਕਰ ਤਹਾਨੂੰ ਉਪਰ ਲਿਖੇ ਵਿਗਾੜ ਈਥਾਮਬਿਉਟੋਲ ਲੈਣ ਤੋਂ ਬਾਅਦ ਵਿਕਸਤ ਹੁੰਦੇ ਹਨ ਤਾਂ ਕ੍ਰਿਪਾ ਕਰਕੇ ਇਸ ਨੂੰ ਲੈਣਾ ਬੰਦ ਕਰ ਦਿਉ ਅਤੇ ਆਪਣੇ ਡਾਕਟਰ ਜਾਂ ਨਰਸ ਨੂੰ ਤੁਰੰਤ ਸੂਚਿਤ ਕਰੋ।

## Pyrazinamide



### ਪਾਈਰਾਜਾਇਨਾਮਾਈਡ (Pyrazinamide) ਲੈਣ ਤੋਂ ਪਹਿਲਾਂ

ਆਪਣੇ ਡਾਕਟਰ ਨੂੰ ਇਸ ਬਾਰੇ ਦੱਸੋ:

- ਹੋਰ ਸਾਰੀਆਂ ਦਵਾਈਆਂ ਜਿਹੜੀਆਂ ਤੁਸੀਂ ਲੈ ਰਹੇ ਹੋ, ਉਹਨਾਂ ਨੂੰ ਵੀ ਸਾਮਿਲ ਕਰਕੇ ਜਿਹੜੀਆਂ ਤੁਸੀਂ ਕਮਿਊਨਟੀ ਫਾਰਮੇਸ਼ੀ ਦੇ ਕਾਊਂਟਰ ਤੋਂ ਖਰੀਦਦੇ ਹੋ
- ਕੋਈ ਦੂਸਰੀਆਂ ਦਵਾਈਆਂ ਨਾਲ ਪਹਿਲਾਂ ਹੋਈ ਐਲਰਜੀ ਬਾਰੇ
- ਜੇਕਰ ਤਹਾਨੂੰ ਪਹਿਲਾਂ ਕੋਈ ਜਿਗਰ ਦੀ ਬਿਮਾਰੀ ਹੋਈ ਹੋਵੇ ਤਾਂ

### ਤੁਹਾਡੇ ਪਾਈਰਾਜਾਇਨਾਮਾਈਡ ਲੈਣ ਦਾ ਸਮਾਂ

ਪਾਈਰਾਜਾਇਨਾਮਾਈਡ ਈਥਾਮਬਿਉਟੋਲ ਭੋਜਨ ਤੋਂ ਪਹਿਲਾ ਜਾਂ ਬਾਅਦ ਵਿੱਚ ਲਈ ਜਾ ਸਕਦੀ ਹੈ। ਤੁਹਾਡਾ ਡਾਕੁਟਰ ਜਾਂ ਨਰਸ ਇਸ ਨੂੰ ਲੈਣ ਦੇ ਸਭ ਤੋਂ ਵੱਧੀਆਂ ਢੁਕਵੇਂ ਸਮੇਂ ਬਾਰੇ ਗੱਲਬਾਤ ਕਰੇਗਾ।

### ਸਾਈਡ ਇਫੈਕਟਸ

ਪਾਈਰਾਜਾਇਨਾਮਾਈਡ ਦੇ ਹੋਰ ਦੂਸਰੀਆਂ ਦਵਾਈਆਂ ਦੀ ਤਰਾਂ ਕੁਝ ਸਾਈਡ ਇਫੈਕਟਸ ਹੋ ਸਕਦੇ ਹਨ:

- ਪੇਟ ਦੀ ਗੜਬੜ ਜਿਵੇਂ ਮਤਲੀ (ਬਿਮਾਰ ਮਹਿਸੂਸ ਕਰਨਾ) ਉਲਟੀ ਅਤੇ ਦਸਤ
- ਫਲੂ ਵਰਗੇ ਲੱਛਣ ਜਿਵੇਂ ਕਾਂਬਾ ਬੁਖਾਰ, ਚੱਕਰ ਆਉਣੇ ਅਤੇ ਹੱਡੀਆਂ ਦੀ ਪੀੜ
- ਪੀਲੀਆ (ਚਮੜੀ ਅਤੇ ਅੱਖਾਂ ਦਾ ਪੀਲਾ ਹੋਣਾ) ਜੇਕਰ ਤੁਸੀਂ ਇਹਨਾਂ ਬਾਰੇ ਨੋਟ ਕਰਦੇ ਹੋ ਤਾਂ ਕ੍ਰਿਪਾ ਕਰਕੇ ਆਪਣੀਆਂ ਸਾਰੀਆਂ ਦਵਾਈਆਂ ਲੈਣਾ ਬੰਦ ਕਰ ਦਿਉ ਅਤੇ ਤੁਰੰਤ ਡਾਕਟਰੀ ਸਹਾਇਤਾ ਲਵੋ
- ਚਮੜੀ ਦੀ ਛਪਾਕੀ ਅਤੇ ਖਾਰਿਸ਼